ਕੀ ਅੱਗੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ?

(ਲੇਖਕ: ਡਾ: ਕਰਤਾਰ ਸਿੰਘ)

ਇਸ ਧਰਤੀ ਤੇ ਕੀਤੇ ਕਰਮਾਂ ਦਾ ਦਰਗਾਹੇ ਲੇਖਾ ਲੈਣ ਸੰਬੰਧੀ ਬਹੁਤ ਭੁਲੇਖਾ ਪਿਆ ਹੋਇਆ ਹੈ। ਇਸ ਦਾ ਨਿਰਣਾ ਹੋਣਾ ਅਵੱਸ਼ ਜ਼ਰੂਰੀ ਹੈ ਕਿ ਇਹ ਕਿੱਥੇ ਤਾਂਈਂ ਸੱਚ ਹੈ, ਤੇ ਇਸ ਬਾਰੇ ਗੁਰਮਤਿ ਕੀ ਫੁਰਮਾਉਂਦੀ ਹੈ? ਕੁਝ ਵਿਦਵਾਨ ਗੁਰਬਾਣੀ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਲੈਂਦੇ ਹਨ। ਪਹਿਲੀ ਯਥਾਰਥ ਬਾਣੀ, ਦੂਜੀ ਰੁਮਾਂਚਕ ਬਾਣੀ ਤੇ ਤੀਜੀ ਭਿਆਨਕ ਬਾਣੀ। ਉਨ੍ਹਾਂ ਦਾ ਕਹਿਣਾ ਹੈ ਕਿ ਭਿਆਨਕ ਬਾਣੀ ਕੇਵਲ ਡਰਾਉਣ ਵਾਸਤੇ ਲਿਖੀ ਗਈ ਹੈ, ਕਿਤੇ ਕੋਈ ਲੇਖਾ ਨਹੀਂ ਹੁੰਦਾ। ਜੋ ਕਰਮਾਂ ਦਾ ਫਲ ਹੈ, ਇਸੇ ਦੁਨੀਆਂ ਵਿੱਚ ਹੀ ਹੈ। ਉਨ੍ਹਾਂ ਸੱਜਣਾਂ ਪਾਸ ਬੇਨਤੀ ਹੈ ਕਿ ਵੰਡ ਤਾਂ ਭਾਵੇਂ ਹੋਰ ਵੀ ਕਈ ਹਿੱਸਿਆਂ ਵਿੱਚ ਕਰ ਲੈਣ, ਪਰ ਜਰ੍ਹਾ ਇਹ ਸੋਚਣ ਕਿ ਕੀ ਹਰ ਵੰਡ ਹੇਠ ਜੋ ਬਾਣੀ ਆਈ ਹੈ, ਕੀ ਉਹ ਐਵੇਂ ਹੀ ਹੈ? ਕੀ ਉਸ ਵਿੱਚ ਜੋ ਅਣਡਿੱਠੀ ਦੁਨੀਆਂ ਵਿੱਚ ਹੋ ਰਿਹਾ ਹੈ, ਉਹ ਐਵੇਂ ਮਨੋਕਲਪਿਤ ਝੂਠ ਹੈ? ਕੀ ਗੁਰੂ ਸਾਹਿਬਾਨ ਨੇ ਕੂੜ ਲਿਖ ਦਿੱਤਾ ਹੈ?

ਇਨਸਾਨੀ ਸੋਚ ਦੇ ਦਾਇਰੇ ਅਤੇ ਗੁਰਮਤਿ ਦੀ ਫਿਲਾਸਫੀ ਦੇ ਸਿਧਾਂਤ ਨੂੰ ਸਮਝਣ ਵਾਸਤੇ ਅਕਸਰ ਮਾਨਸਰੋਵਰ ਦੇ ਹੰਸ ਅਤੇ ਖੂਹ ਦੇ ਡੱਡੂ ਦੇ ਦਾਇਰੇ ਦਾ ਦ੍ਰਿਸ਼ਟਾਂਤ ਆਮ ਦਿੱਤਾ ਜਾਂਦਾ ਹੈ। ਖੂਹ ਦੇ ਡੱਡੂ ਦੀ ਸੋਚ ਛੋਟੀ ਤੇ ਮਾਨਸਰੋਵਰ ਦੇ ਹੰਸ ਦੀ ਸੋਚ ਵਿਸ਼ਾਲ ਹੋਣ ਦਾ ਪ੍ਰਤੀਕ ਹੈ। ਇਸ ਦ੍ਰਿਸ਼ਟਾਂਤ ਤੋਂ ਸਿੱਖਿਆ ਇਹ ਮਿਲਦੀ ਹੈ ਕਿ ਕੋਈ ਸ਼ੈਅ ਕਿਸੇ ਨੇ ਨਾ ਵੇਖੀ ਹੋਵੇ ਤਾਂ ਐਵੇਂ ਬੜ੍ਹਕ ਮਾਰੇ ਕਿ ਹੈ ਹੀ ਨਹੀਂ, ਇਹ ਸਿਰੇ ਦੀ ਗਲਤੀ ਹੈ। ਮਾਇਆਧਾਰੀ ਦੀ ਦ੍ਰਿਸ਼ਟੀ ਮਾਇਕ ਪਦਾਰਥਾਂ ਤੋਂ ਅੱਗੇ ਨਹੀਂ ਜਾ ਸਕਦੀ। ਉਹ ਹਰ ਚੀਜ਼ ਨੂੰ ਇਸੇ ਹੱਦਬੰਦੀ ਵਿੱਚ ਹੀ ਪਰਖਦਾ ਹੈ। ਪਰ ਇਸ ਸੋਚ ਤੋਂ ਅੱਗੇ ਨਿਕਲ ਕੇ ਬ੍ਰਹਮ ਵਿੱਚ ਲੀਨ ਹੋਏ ਇਹ ਜਾਣਦੇ ਹਨ ਕਿ ਇਸ ਦ੍ਰਿਸ਼ਮਾਨ ਦੁਨੀਆਂ ਤੋਂ ਪਰ੍ਹੇ ਹੋਰ ਵੀ ਅਣਡਿੱਠੀ ਦੁਨੀਆਂ ਹੈ। ਗੁਰੂ ਸਾਹਿਬਾਨ ਦੇ ਅਨੁਭਵੀ ਹਿਰਦੇ ਇਸ ਗੱਲ ਦੀ ਸਪੱਸ਼ਟਤਾ ਨਾਲ ਹਾਮੀ ਭਰਦੇ ਹਨ ਕਿ ਹਰ ਇੱਕ ਦਾ ਲੇਖਾ ਉਸ ਦੇ ਕਰਮਾਂ ਅਨੁਸਾਰ ਉਸ ਅਣਡਿੱਠੀ ਦੁਨੀਆਂ ਵਿੱਚ ਲਿਆ ਜਾਂਦਾ ਹੈ ਤੇ ਸਜਾਵਾਂ ਮਿਲਦੀਆਂ ਹਨ। ਗੁਰਮਤਿ ਤਾਂ ਇਹ ਸਿਧਾਂਤ ਨਿਰੂਪਣ ਕਰਦੀ ਹੈ ਕਿ ਜਦ ਤਾਂਈਂ ਆਪਣੇ ਕੀਤੇ ਹੋਏ ਕੁਕਰਮਾਂ ਦਾ ਡਰ, ਜੀਵ ਸਦਾ ਆਪਣੇ ਸਾਹਮਣੇ ਨਹੀਂ ਰੱਖਦਾ, ਹਰੀ ਦੀ ਭਗਤੀ ਹੋ ਨਹੀਂ ਸਕਦੀ। ਨਾ ਹੀ ਨਾਮ ਨਾਲ ਪਿਆਰ ਬਣ ਸਕਦਾ ਹੈ। ਗੁਰਵਾਕ ਹਨ:

- ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ॥
ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ॥ (੭੯੮)

- ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ॥ ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ॥ (੪੨੭)

- ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ॥ (੭੫੧)

ਸ੍ਰੀ ਗੁਰੂ ਅਮਰਦਾਸ ਜੀ ਤਾਂ ਨਿਰਣਾ ਦਿੰਦੇ ਹਨ ਕਿ ਬਿਨਾਂ ਡਰ ਤੋਂ ਕਦੇ ਭਗਤੀ ਹੋ ਹੀ ਨਹੀਂ ਸਕਦੀ। ਜਿੰਨ੍ਹਾਂ ਨੇ ਭਗਤੀ ਕੀਤੀ ਹੈ, ਉਨ੍ਹਾਂ ਭੈਅ ਦੀ ਭਾਵਨਾ ਵਿੱਚ ਆ ਕਰ ਕੀਤੀ ਹੈ।

- ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ॥ (੯੧੧)

ਗੁਰੂ ਨਾਨਕ ਸਾਹਿਬ ਦਾ ਵੀ ਇਹੋ ਪ੍ਰਮਾਣ ਹੈ:

- ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥ ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥
ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥ ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥

ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ॥
ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥ (੧੨੮੮)

ਫਿਰ ਹਜ਼ੂਰ ਫੁਰਮਾਉਂਦੇ ਹਨ ਕਿ ਜੀਵਨ ਦੀ ਘਾੜਤ, ਡਰ ਤੋਂ ਬਿਨਾਂ ਕੱਚੀ ਰਹਿੰਦੀ ਹੈ।

- ਭੈ ਬਿਨੁ ਘਾੜਤ ਕਚੁ ਨਿਕਚ॥ ਅੰਧਾ ਸਚਾ ਅੰਧੀ ਸਟ॥ (੧੫੧)

- ਭੈ ਬਿਨੁ ਕੋਇ ਨ ਲੰਘਸਿ ਪਾਰਿ॥ (੧੫੧)

- ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥ (੪੬੮)

- ਨਾਨਕ ਜਿਨ੍ਹਿ ਮਨਿ ਭਉ ਤਿਨ੍ਹਾ ਮਨਿ ਭਾਉ॥ (੪੬੫)

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਕੀਤੇ ਹੋਏ ਭੈੜੇ ਕਰਮਾਂ ਦੀ ਸਜ਼ਾ ਦਾ ਡਰ ਪੈਣ ਤੇ ਹੀ ਮਨ ਵੱਸ ਵਿੱਚ ਹੁੰਦਾ ਹੈ। ਫੇਰ ਜਗਿਆਸੂ ਆਪਣੀ ਅਪਣਤ ਛੱਡ ਕੇ ਗੁਰੂ ਦੇ ਸ਼ਬਦ ਦੀ ਕਮਾਈ ਨਾਲ ਹਉਮੈ ਨੂੰ ਸਾੜ ਦੇਂਦਾ ਹੈ। ਤੁਕ ਇਹ ਹੈ:

- ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥ (੬੪੫)

ਉਪਰਲੇ ਪ੍ਰਮਾਣ ਵਿੱਚ ਪਦ "ਭੈ" ਦੀ ਵਰਤੋਂ ਹੈ। ਉਹ "ਭੈ" ਕੀ ਹੈ? ਉਹ, ਕੀਤੇ ਹੋਏ ਕੁਕਰਮਾਂ ਦੀਆਂ ਸਜਾਵਾਂ ਦਾ ਡਰ ਜੋ ਰੱਬ ਦੀ ਦਰਗਾਹ ਵਿੱਚ ਮਿਲਦੀਆਂ ਹਨ। ਜੇਹੋ ਜਿਹਾ ਕੋਈ ਕੰਮ ਕਰਦਾ ਹੈ, ਉਹੋ ਜੇਹਾ ਫਲ ਪਾਉਂਦਾ ਹੈ। ਬੰਦਾ ਆਪ ਹੀ ਬੀਜਦਾ ਹੈ ਤੇ ਆਪ ਹੀ ਵੱਢਦਾ ਹੈ।

- ਜੈਸਾ ਕਰੇ ਸੁ ਤੈਸਾ ਪਾਵੈ॥ ਆਪਿ ਬੀਜਿ ਆਪੇ ਹੀ ਖਾਵੈ॥ (੬੬੨)

- ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥ (੪੭੩)

- ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥ (੯੫੨)

- ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ॥ (੧੦੨੯)

ਫਿਰ ਹਜ਼ੂਰ ਫੁਰਮਾਉਂਦੇ ਹਨ ਕਿ ਜਿੱਥੋਂ ਇਸ ਕੁਕਰਮ ਦੀ ਰੂਹ ਨੇ ਜਾਣਾ ਹੈ, ਉਹ ਗਲੀ ਖੰਡੇ ਦੀ ਧਾਰ ਵਾਂਗੂ ਹੈ ਅਤੇ ਭੀੜੀ ਹੈ। ਜਿਥੇ ਲੇਖਾ ਹੋਣਾ ਹੈ ਉਥੇ ਤਿਲ ਵਾਂਗ ਪੀੜਿਆ ਜਾਣਾ ਹੈ:

- ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥ (੧੦੨੮)

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਸ਼ੁਦਾਈ! ਜਦ ਧਰਮਰਾਏ ਤੈਨੂੰ ਪਕੜੇਗਾ ਤਾਂ ਕੀ ਜਵਾਬ ਦੇਵੇਂਗਾ?

- ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ॥ (੭੭)

ਜਿਹੜੇ ਸੱਜਣ ਆਖਦੇ ਹਨ ਕਿ ਪੁੰਨ ਤੇ ਪਾਪ ਇੱਕ ਅਖੌਤ ਹੈ, ਨਾ ਕੋਈ ਪੁੰਨ ਹੈ ਤੇ ਨਾ ਕੋਈ ਪਾਪ, ਐਵੇਂ ਡਰਾਵੇ ਹਨ, ਉਹ ਇਸ ਗੁਰੂ ਸਿਧਾਂਤ ਨੂੰ ਵਿਚਾਰਨ:

- ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥ (੪)

– ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥ (੭)

ਉਪਰਲੇ ਪ੍ਰਮਾਣ ਵਿੱਚ ਪਦ "ਤਿਥੈ" ਤੇ ਪਦ "ਓਥੈ" ਦੀ ਵਰਤੋਂ ਹੈ, ਜੋ ਇਹ ਸਪੱਸ਼ਟ ਕਰਦੇ ਹਨ ਕਿ ਜਿਥੇ ਮਰ ਕੇ ਰੂਹ ਨੇ ਜਾਣਾ ਹੈ। ਜਪੁਜੀ ਸਾਹਿਬ ਦੇ ਅੰਤ ਵਿਚ ਮੁੜ ਚਿਤਾਵਨੀ ਦੇਂਦੇ ਹਨ ਕਿ ਜੀਵ ਵੱਲੋਂ ਕੀਤੀਆਂ ਹੋਈਆਂ ਚੰਗਿਆਈਆਂ ਤੇ ਬੁਰਿਆਈਆਂ, ਧਰਮ ਰਾਏ ਹਜ਼ੂਰੀ ਵਿੱਚ ਵਾਚ ਰਿਹਾ ਹੈ ਕੋਈ ਆਪਣੇ ਕਰਮਾਂ ਕਰਕੇ ਪ੍ਰਭੂ ਦੇ ਨੇੜੇ ਹੈ ਤੇ ਕੋਈ ਦੂਰ।

– ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ (੮)

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਤੋਂ ਹੋਰ ਸਪੱਸ਼ਟ ਕੀ ਸਮਝਾਉਣ?

– ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ (੯੫੩)

ਉਤਲੇ ਪ੍ਰਮਾਣ ਵਿੱਚ ਜੋ ਮਰਨ ਪਿੱਛੋਂ ਬੀਤੇਗੀ, ਉਸ ਦਾ ਵਰਨਣ ਹੈ। ਪਦ "ਸਿਖ ਸਹੀ" ਇਸ ਲਈ ਵਰਤਿਆ ਹੈ ਕਿ ਮਤਾ ਕੋਈ ਆਖੇ ਕਿ ਇਹ ਸਿੱਖਿਆ ਝੂਠ ਹੈ ਤੇ ਐਵੇਂ ਡਰਾਉਣ ਲਈ ਲਿਖ ਦਿੱਤੀ ਹੈ। ਦਰਗਾਹ ਵਿੱਚ ਲੇਖੇ ਲੈਣ ਵਾਲੀ ਸੱਚਾਈ ਨੂੰ ਇੰਜ ਦ੍ਰਿੜ੍ਹ ਕਰਵਾਇਆ ਹੈ:

– ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥ (੪੬੩)

ਅੱਗੇ ਹੋਰ ਵੀ ਫੁਰਮਾਉਂਦੇ ਹਨ:

– ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੁਆਇਆ॥
ਮਨਿ ਅੰਧੈ ਜਨਮੁ ਗਵਾਇਆ॥ (੪੬੪)

ਉਪਰਲੀ ਪਉੜੀ ਵਿੱਚ ਮਰਨ ਮਗਰੋਂ ਦੀਆਂ ਦਰਗਾਹੇ ਹੁੰਦੀਆਂ ਗੱਲਾਂ ਦਰਸਾਈਆਂ ਹਨ। ਪਦ "ਅਗੇ" ਦਾ ਪ੍ਰਯੋਗ ਸਿੱਧ ਕਰਦਾ ਹੈ ਕਿ ਇੱਥੇ ਇਸ ਸੰਸਾਰ ਵਿੱਚ ਨਹੀਂ ਕਿਸੇ ਹੋਰ ਥਾਂ ਉਤੇ ਗਲ ਵਿਚ ਸੰਗਲ ਪਾ ਕੇ ਲੈ ਜਾਇਆ ਜਾਂਦਾ ਹੈ। ਅੱਗੇ ਦੇ ਲੇਖੇ ਦੀ ਗੱਲ ਅਗਲੀ ਪਉੜੀ ਹੋਰ ਵੀ ਸਪੱਸ਼ਟ ਕਰਦੀ ਹੈ:

– ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥
ਕਰਿ ਅਉਗਣ ਪਛੋਤਾਵਣਾ॥ (੪੭੦)

ਇਥੇ ਵੀ ਪਦ ''ਅਗੈ'' ਦੀ ਵਰਤੋਂ ਹੈ ਤਾਂ ਕਿ ਕੋਈ ਭੁਲੇਖਾ ਨਾ ਖਾਵੇ। ਆਸਾ ਦੀ ਵਾਰ ਦੀ ਉੱਨਵੀਂ ਪਉੜੀ ਵਿੱਚ ਵੀ ਫੁਰਮਾਉਂਦੇ ਹਨ ਕਿ ਆਪਣੇ ਕੀਤੇ ਕਰਮਾਂ ਦਾ ਲੇਖਾ ਭੁਗਤਣਾ ਪਵੇਗਾ।

– ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥ (੪੭੩)

ਹਜ਼ੂਰ ਫਿਰ ਵੀਹਵੀਂ ਪਉੜੀ ਵਿੱਚ ਦੱਸਦੇ ਹਨ ਕਿ ਦਰਗਾਹੇ ਇੱਕੋ ਨਿਆਂ ਕਰਨ ਵਾਲਾ ਹੈ ਤੇ ਕਲਮ ਵੀ ਇੱਕੋ ਹੀ ਹੈ। ਉਸ ਦੇ ਸਾਹਮਣੇ ਛੋਟੇ ਵੱਡੇ ਸਭ ਇੱਕੋ ਥਾਂ ਖੜ੍ਹੇ ਕੀਤੇ ਜਾਂਦੇ ਹਨ, ਕੋਈ ਰਿਆਇਤ ਨਹੀਂ ਹੁੰਦੀ। ਪਾਪੀਆਂ ਦਾ ਦਰ ਤੇ ਲੇਖਾ ਲੈਣ ਪਿੱਛੋਂ ਉਨ੍ਹਾਂ ਨੂੰ ਤੇਲ ਵਾਂਗੂੰ ਪੀੜਿਆ ਜਾਂਦਾ ਹੈ।

– ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਹਾ ਮੇਲੁ॥ ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥ (੪੭੩)

ਦਰਗਾਹ ਦੇ ਜਾਣੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਧਰਮਰਾਜੇ ਨੂੰ ਇਹ ਹੁਕਮ ਹੈ ਕਿ ਬਹਿ ਕੇ ਸੱਚਾ ਧਰਮ ਵੀਚਾਰਨਾ ਹੈ। ਤੇਰੀ ਹਕੂਮਤ ਉਨ੍ਹਾਂ ਦਵੈਸ਼ ਵਿੱਚ ਪਈਆਂ ਦੁਸ਼ਟ ਆਤਮਾਵਾਂ ਤੇ ਹੈ, ਤੇ ਜਿਹੜੇ ਅਧਿਆਤਮੀ ਹਰੀ ਨੂੰ ਜੋ ਗੁਣਾਂ ਦਾ ਭੰਡਾਰ ਹੈ, ਮਨ ਵਿੱਚ ਜੱਪਦੇ ਹਨ, ਸਿਮਰਦੇ ਹਨ, ਉਹ ਧਰਮਰਾਜ ਦੀ ਹਕੂਮਤ ਹੇਠਾਂ ਨਹੀਂ ਆਉਂਦੇ। ਉਨ੍ਹਾਂ ਦੀ ਤਾਂ ਧਰਮਰਾਜ ਸੇਵਾ ਕਰਦਾ ਹੈ। ਸ਼ਬਦ ਇੰਜ ਹੈ:

– ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥
ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ॥
ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥ (੩੮)

ਇਸ ਸੱਚਾਈ ਨੂੰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇੰਜ ਦਰਸਾਉਂਦੇ ਹਨ ਕਿ ਜਿਹੜੇ ਪਾਪੀ ਭੈੜੇ ਕਰਮ ਕਮਾਂਵਦੇ ਹਨ, ਉਹ ਉਥੇ ਹਾਇ ਹਾਇ ਕਰਦੇ ਹਨ। ਜਿਵੇਂ ਮਧਾਣੀਆਂ ਦੁੱਧ ਨੂੰ ਰਿੜ੍ਹਕਦੀਆਂ ਹਨ ਤਿਵੇਂ ਹੀ ਧਰਮਰਾਜਾ ਉਨ੍ਹਾਂ ਨੂੰ ਮਥ ਰਿਹਾ ਹੈ।

– ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥ (੧੪੨੫)

ਅੱਗੋਂ ਫਿਰ ਚੇਤਾਵਨੀ ਦਵਾਂਦੇ ਹਨ ਕਿ ਕਿਉਂ ਤੂੰ ਬੂਹੇ ਬੰਦ ਕਰਕੇ ਤੇ ਹੋਰ ਅਨੇਕਾਂ ਪੜ੍ਹਦਿਆਂ ਪਿੱਛੇ ਪਰਾਈਆਂ ਇਸਤਰੀਆਂ ਨਾਲ ਖੇਹ ਉਡਾ ਰਿਹਾ ਹੈਂ? ਜਦੋਂ ਤੇਰਾ ਲੇਖਾ ਚਿਤ੍ਰ ਗੁਪਤ ਮੰਗੇਗਾ ਤਾਂ ਤੇਰਾ ਪੜ੍ਹਦਾ ਕੌਣ ਢੱਕੂ?

– ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਨੁ ਪੜਦਾ ਤੇਰਾ ਢਾਕੈ॥ (੬੧੬)

ਇਸੇ ਪ੍ਰਥਾਇ ਇੱਕ ਹੋਰ ਸ਼ਬਦ ਨਿਰੂਪਣ ਹੈ:

– ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ॥
ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥
ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥
ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ॥
ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ॥

ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ ਸਦਾ ਫਿਰਤ ਦੁਹੇਲੀ॥
ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ॥
ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ॥ (੫੪੬)

ਸਾਰੀ ਦੁਨੀਆਂ ਲੋਭ ਰੂਪੀ ਟੋਏ ਵਿੱਚ ਪਈ ਹੋਈ ਹੈ। ਅਗਲੀ ਗੱਲ ਨੂੰ ਕੋਈ ਨਹੀਂ ਜਾਣਦਾ। ਜੰਮ ਜੰਮ ਕੇ ਜੀਵ ਮਰ ਰਹੇ ਹਨ ਤੇ ਮੁੜ ਮਰ ਮਰ ਕੇ ਜੰਮ ਰਹੇ ਹਨ। ਉਨ੍ਹਾਂ ਨੂੰ ਕੀਤੇ ਹੋਏ ਪਾਪਾਂ ਦੀਆਂ ਬਹੁਤ ਸਜਾਵਾਂ ਮਿਲ ਰਹੀਆਂ ਹਨ ਤੇ ਬੜੇ ਲੰਮੇ ਦੇਸ਼ ਦੇ ਰਾਹ ਪੈ ਗਏ ਹਨ। ਇਹ ਜੀਵ ਅੰਨ੍ਹਾ ਹੋ ਰਿਹਾ ਹੈ। ਜਿਸਨੇ ਇਸ ਨੂੰ ਪੈਦਾ ਕੀਤਾ, ਉਸ ਨੂੰ ਜਾਣਦਾ ਨਹੀਂ ਤੇ ਦੁੱਖ ਸਹਿ ਰਿਹਾ ਹੈ। ਸ਼ਬਦ ਇਹ ਹੈ:

- ਬਿਰਖੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ॥
ਪਾਪ ਕਰੇਦੜ ਸਰਪਰ ਮੁਠੇ॥ ਅਜਰਾਈਲਿ ਫੜੇ ਫੜਿ ਕੁਠੇ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥
ਸੰਗਿ ਨ ਕੋਈ ਭਈਆ ਬੇਬਾ॥ ਮਾਲੁ ਜੋਬਨੁ ਧਨੁ ਛੋਡਿ ਵਞੈਸਾ॥
ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ॥
ਖੁਸਿ ਖੁਸਿ ਲੈਦਾ ਵਸਤੁ ਪਰਾਈ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ॥
ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ॥
ਜਮਿ ਜਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ॥ (੧੦੧੯)

ਇੱਕ ਹੋਰ ਸ਼ਬਦ ਰਾਹੀਂ ਹਜ਼ੂਰ ਧਰਮਰਾਜ ਦੇ ਮੰਡਲ ਵਿੱਚ ਜੋ ਸਜਾਵਾਂ ਪਾਪੀਆਂ ਕੁਕਰਮੀਆਂ ਤੇ ਕਾਮੀਆਂ ਨੂੰ ਮਿਲਦੀਆਂ ਹਨ, ਉਸ ਦਾ ਵਰਣਨ ਇੰਜ ਕਰਦੇ ਹਨ:

- ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ॥
ਰੇ ਨਰ ਕਾਇ ਪਰ ਗ੍ਰਿਹਿ ਜਾਇ॥
ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ॥ (੧੦੦੧)

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਾਣੀ ਤੂੰ ਰਾਤਾਂ ਨੂੰ ਫਾਹੇ ਲੈ ਕੇ ਟੁਰਦਾ ਹੈਂ, ਪਰ ਪ੍ਰਭੂ ਅੰਤਰਜਾਮੀ ਸਭ ਜਾਣਦਾ ਹੈ। ਪਰਾਈਆਂ ਇਸਤਰੀਆਂ ਨੂੰ ਅੰਦਰ ਲੁਕ ਕੇ ਭੋਗਦਾ ਹੈਂ ਤੇ ਔਖੀ ਤੋਂ ਔਖੀ ਥਾਂ ਤੇ ਸੰਨ੍ਹ ਦੇਂਦਾ ਹੈਂ ਤੇ ਜੋ ਧਨ ਚੁਰਾ ਕੇ ਲਿਆਉਂਦਾ ਹੈਂ, ਉਸ ਨਾਲ ਸ਼ਰਾਬ ਦੇ ਨਸ਼ੇ ਨੂੰ ਮਿੱਠਾ ਜਾਣ ਕੇ ਮਾਣਦਾ ਹੈਂ, ਅਜਿਹੇ ਆਪ੍ਹੂੰ ਕੀਤੇ ਕਰਮਾਂ ਤੇ ਤੈਨੂੰ ਪਛਤਾਉਣਾ ਪੈਣਾ ਹੈ। ਜਮਦੂਤ ਤਿਲ੍ਹਾਂ ਵਾਂਗੂ ਘਾਣੀ ਵਿੱਚ ਪੀੜੇਗਾ। ਸ਼ਬਦ ਇਸ ਤਰ੍ਹਾਂ ਹੈ:

- ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥
ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥ (੩੧੫)

ਤੀਜੀ ਪਾਤਸ਼ਾਹੀ ਜੀ ਫੁਰਮਾਉਂਦੇ ਹਨ ਕਿ ਹਉਮੈ ਦੇ ਕਰਮ ਕਰਦਿਆਂ ਤੂੰ ਆਪਣਾ ਜਨਮ ਗਵਾਇਆ ਹੈ। ਅੱਗੇ ਮੋਹ ਮਾਇਆ ਨੇ ਸਹਾਈ ਨਹੀਂ ਹੋਣਾ, ਜਮਕਾਲ ਲੇਖਾ ਲਵੇਗਾ ਤੇ ਤਿਲਾਂ ਵਾਂਗ ਘਾਣੀ ਵਿੱਚ ਪੀੜਿਆ ਜਾਏਂਗਾ।

- ਹਉਮੈ ਕਰਦਿਆ ਜਨਮੁ ਗਵਾਇਆ॥ ਆਗੈ ਮੋਹੁ ਨ ਚੂਕੈ ਮਾਇਆ॥
ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ॥ (੧੦੬੩)

ਇਸ ਪ੍ਰਮਾਣ ਵਿੱਚ ਵੀ "ਅਗੈ" ਪਦ ਦੀ ਵਰਤੋਂ ਹੈ, ਭਾਵ ਇਸ ਸੰਸਾਰ ਵਿੱਚ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਜਾ ਕੇ ਜੋ ਬੀਤਦੀ ਹੈ ਉਸ ਬਾਰੇ ਕਹਿ ਰਹੇ ਹਨ ਕਿ ਹਉਮੈ ਦਾ ਸੜਿਆ ਹੋਇਆ ਪ੍ਰਭੂ ਨੂੰ ਮਨੋ ਵਿਸਾਰ ਦਿੰਦਾ ਹੈ। ਏਹੋ ਜੇਹੇ ਨੂੰ ਜਮਪੁਰੀ ਵਿਚ ਕਰੜੀਆਂ ਖੜ੍ਹਗਾਂ ਵੱਜਦੀਆਂ ਹਨ। ਇੰਨ੍ਹਾਂ ਸਜਾਵਾਂ ਨੂੰ ਭੁਗਤਦਾ ਹੋਇਆ ਅਪਰਾਧੀ ਖਿਮਾਂ ਮੰਗਦਾ ਹੈ ਤੇ ਪ੍ਰਭੂ ਦਾ ਨਾਮ ਲੈਂਦਾ ਹੈ ਪਰ ਸਾਹਿਬ ਫੁਰਮਾਉਂਦੇ ਹਨ ਕਿ ਹੁਣ ਨਾਮ ਨਹੀਂ ਮਿਲ ਸਕਦਾ।

– ਹਉਮੈ ਜਲਿਆ ਮਨਹੁ ਵਿਸਾਰੇ॥ ਜਮ ਪੁਰਿ ਵਜਹਿ ਖੜਗ ਕਰਾਰੇ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ॥
ਮਾਇਆ ਮਮਤਾ ਪਵਹਿ ਖਿਆਲੀ॥ ਜਮ ਪੁਰਿ ਫਾਸਹਿਗਾ ਜਮ ਜਾਲੀ॥
ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ॥ (੯੯੩)

ਇੱਕ ਹੋਰ ਸ਼ਬਦ ਰਾਹੀਂ ਹਜ਼ੂਰ ਅਪਰਾਧੀਆਂ ਦੀ ਭੈੜੀ ਹਾਲਤ ਦਾ ਜ਼ਿਕਰ ਇੰਜ ਕਰਦੇ ਹਨ:

– ਜਮ ਦਰਿ ਬਾਧੇ ਮਿਲਹਿ ਸਜਾਈ॥ ਤਿਸੁ ਅਪਰਾਧੀ ਗਤਿ ਨਹੀ ਕਾਈ॥
ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ॥
ਸਾਕਤ ਫਾਸੀ ਪੜੈ ਇਕੇਲਾ॥ ਜਮ ਵਸਿ ਕੀਆ ਅੰਧੁ ਦੁਹੇਲਾ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ॥ (੧੦੩੧)

ਇੱਕ ਹੋਰ ਥਾਂ ਵੀ ਹਜ਼ੂਰ ਰੱਬ ਦੇ ਬੰਦੀਖਾਨੇ ਵਿੱਚ ਅਪਰਾਧੀਆਂ ਦੇ ਗਲ੍ਹੇ ਪਈਆਂ ਜੰਜੀਰਾਂ ਦਾ ਜ਼ਿਕਰ ਕਰਦੇ ਹੋਏ ਫੁਰਮਾਉਂਦੇ ਹਨ:

– ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ॥ .....
ਚੋਰ ਜਾਰ ਜੂਆਰ ਪੀੜੇ ਘਾਣੀਐ॥ ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥ (੧੨੮੭)

ਹੁਣ ਭਗਤ ਕਬੀਰ ਜੀਉ ਦਾ ਅਨੁਭਵ ਵੀ ਵੀਚਾਰੀਏ ਤਾਂ ਉਹ ਵੀ ਦੱਸਦੇ ਹਨ:

– ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ॥
ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ॥
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥ (੧੧੦੬)

ਇੱਕ ਹੋਰ ਸ਼ਬਦ ਰਾਹੀਂ ਭਗਤ ਜੀ ਫੁਰਮਾਉਂਦੇ ਹਨ:

– ਅਮਲੁ ਸਿਰਾਨੋ ਲੇਖਾ ਦੇਨਾ॥ ਆਏ ਕਠਿਨ ਦੂਤ ਜਮ ਲੇਨਾ॥
ਕਿਆ ਤੈ ਖਟਿਆ ਕਹਾ ਗਵਾਇਆ॥ ਚਲਹੁ ਸਿਤਾਬ ਦੀਬਾਨਿ ਬੁਲਾਇਆ॥
ਚਲੁ ਦਰਹਾਲੁ ਦੀਵਾਨਿ ਬੁਲਾਇਆ॥ ਹਰਿ ਫੁਰਮਾਨੁ ਦਰਗਹ ਕਾ ਆਇਆ॥ਰਹਾਉ॥
ਕਰਉ ਅਰਦਾਸਿ ਗਾਵ ਕਿਛੁ ਬਾਕੀ॥ ਲੇਉ ਨਿਬੇਰਿ ਆਜੁ ਕੀ ਰਾਤੀ॥
ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ॥ ਸੁਬਹ ਨਿਵਾਜ ਸਰਾਇ ਗੁਜਾਰਉ॥ (੭੯੨)

ਜਦੋਂ ਉਤਲਾ ਬੰਦਾ ਧਰਮਰਾਜ ਦੇ ਸਾਹਮਣੇ ਹਾਜ਼ਰ ਕੀਤਾ, ਲੇਖਾ ਜੋਖਾ ਹੋਇਆ ਤਾਂ ਲੇਖੇ ਜੋਖੇ ਵਿਚ ਭਾਰੀ ਬਕਾਇਆ ਉਸ ਵੱਲ ਨਿਕਲਿਆ। ਪੰਜ ਕਰਮ ਇੰਦਰੇ ਜੋ ਇਸ ਦੀ ਪਿੰਡ ਰੂਪੀ ਖੇਤੀ ਨੂੰ ਕਰਕੇ ਮੌਜਾਂ ਮਾਣਦੇ ਸਨ, ਨਸ ਗਏ ਤੇ ਬਾਕੀ ਨਿਕਲਣ ਵਾਲੇ ਜੀਵ ਨੂੰ ਜਮਦੂਤਾਂ ਨੇ ਬੰਨ੍ਹ ਲਿਆ ਤੇ ਸਜਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ, ਤੁਕ ਇੰਜ ਹੈ:

– ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥
ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥ (੧੧੦੪)

ਭਗਤ ਰਵਿਦਾਸ ਜੀਉ ਦਾ ਅਨੁਭਵ ਵੀ ਇਵੇਂ ਹੈ:

– ਕਹੁ ਰਵਿਦਾਸ ਭਇਓ ਜਬ ਲੇਖੋ॥ ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥ (੧੨੯੩)

ਸ੍ਰੀ ਫਰੀਦ ਸਾਹਿਬ ਇੰਜ ਫੁਰਮਾਉਂਦੇ ਹਨ:

– ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥ (੧੩੭੯)

– ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥ (੧੩੮੩)

– ਫਰੀਦਾ ਦਰੀਆਵੈ ਕੰਨੈ੍ ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥ (੧੩੮੩)

ਇਸ ਦੇ ਉਪਰੰਤ ਜੋ ਅੱਗੇ ਹੁੰਦਾ ਹੈ, ਇਸ ਦਾ ਨਕਸ਼ਾ ਫਰੀਦ ਜੀ ਅੱਖਾਂ ਅੱਗੇ ਇੰਜ ਲਿਆਉਂਦੇ ਹਨ:

– ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥ ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥ ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥ (੧੩੮੩)

ਹੇ ਫਰੀਦਾ! ਜੇਹੜੇ ਸ਼ੁਭ ਅਮਲ ਬੰਦਾ ਇਸ ਦੁਨੀਆਂ ਵਿੱਚ ਕਰਦਾ ਹੈ, ਉਹੀ ਅੱਗੇ ਦਰਗਾਹ ਵਿੱਚ ਕੰਮ ਆਉਂਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਸਿੱਖੀ ਨੂੰ ਗ੍ਰਹਿਣ ਕਰਨ ਵਾਲਿਓ! ਸੰਤਾਂ ਦੀ ਸੱਚੀ ਸਿੱਖਿਆ ਸੁਣੋ। ਸੰਤ ਉਹ ਬੋਲਦੇ ਹਨ ਜੋ ਗੱਲ ਉਨ੍ਹਾਂ ਆਪਣੀਆਂ ਅੱਖਾਂ ਨਾਲ ਵੇਖੀ ਹੁੰਦੀ ਹੈ, ਐਵੇਂ ਗੱਲ ਨਹੀਂ ਮਾਰਦੇ, ਆਪਣੇ ਨਿੱਜੀ ਅਨੁਭਵ ਵਿੱਚ ਆਈ ਗੱਲ ਮੂੰਹੋਂ ਕੱਢਦੇ ਹਨ। ਤੁਕ ਹੈ:

– ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥ (੮੯੪)

ਇਸ ਤੋਂ ਉਪਰੰਤ ਸ੍ਰੀ ਹਜ਼ੂਰ ਕਹਿੰਦੇ ਹਨ ਕਿ ਨਾਨਕ ਉਹੀ ਆਖ ਕੇ ਸੁਣਾ ਰਿਹਾ ਹੈ ਜੋ ਪ੍ਰਮੇਸ਼ਰ ਕੈ ਦੁਆਰੇ ਬੀਤਦੀ ਹੈ:

– ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ॥ (੩੭੩)

ਇਵੇਂ ਹੀ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਹਰੀ ਦੇ ਦਰ ਤੇ ਜੋ ਵਰਤਿਆ ਹੈ, ਉਹੀ ਨਾਨਕ ਨੇ ਆਖ ਸੁਣਾਇਆ ਹੈ। ਇਹ ਗੱਲ ਉਹ ਬੁਝਦਾ ਹੈ ਜੋ ਪਰਮੇਸ਼ਰ ਦਾ ਸਵਾਰਿਆ ਹੁੰਦਾ ਹੈ। ਭਾਵ ਪਰਮੇਸ਼ਰ ਤੋਂ ਵਿਗੜੇ ਹੋਏ ਤਾਂ ਸਿਰ ਮਾਰਦੇ ਹਨ ਕਿ ਇਹ ਲੇਖੇ-ਪੱਤੇ ਤੇ ਸਜਾਵਾਂ ਐਵੇਂ ਮਨ-ਘੜ੍ਹਤ ਹਨ, ਪ੍ਰਮਾਣ ਸਾਹਿਬ ਦਾ ਇਹ ਹੈ:

– ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ॥ ਸੋ ਬੂਝੈ ਜੁ ਦਯਿ ਸਵਾਰਿਆ॥ (੩੧੬)

ਜੇ ਅਜੇ ਵੀ ਕੋਈ ਭਰਮ ਭੁਲੇਖੇ ਵਿੱਚ ਰਹਿ ਕੇ ਆਖੇ "ਸਿੱਖੋ ਐਵੇਂ ਨਾ ਡਰੋ" ਤੇ ਨਾਲ ਹੀ ਇਹ ਤੁਕ "ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ" ਪੜ੍ਹ ਕੇ ਆਖੇ ਕਿ ਸਾਨੂੰ ਤਾਂ ਨਾਨਕ ਮਿਲ ਪਿਆ ਹੈ ਤੇ ਸਾਡਾ ਲੇਖਾ ਨਿਬੜ ਗਿਆ ਹੈ, ਤਾਂ ਉਨ੍ਹਾਂ ਸੱਜਣਾਂ ਨੂੰ ਬੇਨਤੀ ਹੈ ਕਿ ਪਦ "ਮਿਲਿਆ" ਦੀ ਵਿਆਖਿਆ ਸੁਣ ਲੈਣ:

– ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥ (੭੨੫)

– ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥ (੭੯੧)

ਸਤਿਗੁਰੂ ਜੀ ਤਾਂ ਸਪਸ਼ਟ ਫੁਰਮਾ ਰਹੇ ਹਨ ਕਿ ਕੇਵਲ ਮਿਲਿਆ ਕਹਿਣ ਨਾਲ ਮਿਲਿਆ ਨਾ ਸਮਝੋ। ਜੇਹੜਾ ਅੰਤਰ ਆਤਮੇ ਨਾਲ ਮਿਲ ਗਿਆ ਹੈ, ਉਹ ਮਿਲਿਆ ਹੋਇਆ ਕਿਹਾ ਜਾਂਦਾ ਹੈ। ਜੇ ਉਂਜ ਬਹੁਤੇਰਾ ਲੋਚੀਏ ਤਾਂ ਇਸ ਤਰ੍ਹਾਂ ਗੱਲਾਂ ਨਾਲ ਮੇਲ ਨਹੀਂ ਹੁੰਦਾ, ਜਦ ਤਾਂਈ ਦਿਲ ਨਾਲ ਨਾ ਮਿਲਿਆ ਹੋਵੇ। ਸਤਿਗੁਰੂ ਦੇ ਮਿਲਾਪ ਨਾਲ ਧਾਵੰਦਾ ਮਨ ਨਿਜ ਘਰ ਵਿੱਚ ਵੱਸ ਜਾਂਦਾ ਹੈ। ਇਹੋ ਹੈ ਅਸਲੀ ਮਿਲਿਆਂ ਦੀ ਨਿਸ਼ਾਨੀ "ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ"(੪੪੦) ਅੰਤਰ ਆਤਮੇ ਮਿਲਾਪ ਨਾਲ ਤ੍ਰਿਸ਼ਨਾ ਤੇ ਹਰ ਪ੍ਰਕਾਰ ਦੀ ਭੁੱਖ ਨਾਸ਼ ਹੋ ਜਾਂਦੀ ਹੈ। ਇਹ ਨਿਸ਼ਾਨੀ ਮਿਲਣੇ ਦੀ ਗੁਰੂ ਅਰਜਨ ਸਾਹਿਬ ਜੀ ਫੁਰਮਾਉਂਦੇ ਹਨ:

– ਤ੍ਰਿਸਨਾ ਭੂਖ ਸਭ ਨਾਸੀ॥ ਸੰਤ ਪ੍ਰਸਾਦਿ ਜਪਿਆ ਅਬਿਨਾਸੀ॥
ਰੈਨਿ ਦਿਨਸੁ ਪ੍ਰਭ ਸੇਵ ਕਮਾਨੀ॥ ਹਰਿ ਮਿਲਣੈ ਕੀ ਏਹ ਨੀਸਾਨੀ॥ (੮੯੭)